**THE PUNJAB STATE BOARD OF TECHNICAL EDUCATION AND INDUSTRIAL TRAINING**
Plot No. 1-A, Sec. 36-A, Chandigarh Ph.: 0172-2615385 Fax: 2664333 e-mail: celtipb@gmail.com

ਨੰ:- ਪੀ.ਐਸ.ਬੀ.ਟੀ/ਆਈ.ਟੀ/2019/38 ਮਿਤੀ:- 11-1-19

ਵੱਲ,

ਪ੍ਰਿੰਸੀਪਲ/ਮੁੱਖ ਅਧਿਆਪਕ,
ਨੋਡਲ ਸੈਂਟਰ (ਨੱਥੀ ਲਿਸਟ ਅਨੁਸਾਰ)
ਪੰਜਾਬ ਰਾਜ ਅਧੀਨ।

ਵਿਸ਼ਾ: **Reforms in All India Trade Test conducted under the aegis of NCVT-regarding.**

ਹਵਾਲਾ: **ਡੀ. ਜੀ. ਟੀ, ਨਵੀਂ ਦਿੱਲੀ ਦੇ ਪੱਤਰ ਨੰ: MSDE- 18011 / DGT / 2017 - TTC ਮਿਤੀ: 04-10-2018 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡੀ.ਜੀ.ਟੀ, ਨਵੀਂ ਦਿੱਲੀ ਤੋਂ ਪ੍ਰਾਪਤ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹਦਾਇਤਾਂ ਵਿੱਚੋਂ ਪ੍ਰੀਖਿਆ ਸਬੰਧੀ ਕੁਝ ਹਦਾਇਤਾਂ ਨਿਮਨਅਨੁਸਾਰ ਹਨ:

The NCVT has decided to provide graded autonomy to the Govt. and Private it is as per National Grading of ITI's in following cases:

a) All ITI's having infrastructure as per NCVT norms, may be self centre for practical exam with effect from AITT to be held in Jan/feb 19 in semester system and thereafter for annual exams also. However ITI's having garding less than 2.5 and also all ungarded ITI's, external examiner for practical exmainations should be deputed by concern state/UT directorate.
b) All ITI's having infrastructure as per NCVT norms and grade more than or equal to 2.5 may have their own examiner for Practical examination in addition to self centre for practical exam. However, the examiner should be different from the instructor who has taught the trainees of the concern unit/shift during training.
c) All the ITI's providing training to Differently Abled (DA) trainees should have their self exam centre for theoretical paper exam as well as practical exam and may have their own examiner for practical examination.

In all the above cases, observers should be appointed by the state director for overall supervision of the exam.

ਉਪਰੋਕਤ ਦੇ ਸਨਮੁੱਖ ਸਮੂਹ ਨੋਡਲ ਸੈਂਟਰਾਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:

1. ਆਪਣੇ ਜਿਲ੍ਹੇ ਅਧੀਨ ਆਉਂਦੀਆਂ ਉਹਨਾਂ ਸੰਸਥਾਵਾਂ ਜਿੰਨ੍ਹਾਂ ਦੀ ਗਰੇਡਿੰਗ 2.5 ਤੋਂ ਘੱਟ ਹੈ ਜਾਂ ਕੋਈ ਆਈ.ਟੀ.ਆਈ ugraded ਹੈ, ਵਿੱਚ external examiner ਕਿਸੇ ਬਾਹਰੀ ਸੰਸਥਾ ਤੋਂ ਲਗਾਉਣ ਉਪਰੰਤ ਰਿਪੋਰਟ ਮਿਤੀ 15-01-2019 ਤੱਕ ਬੋਰਡ ਦਫਤਰ ਦੀ ਈਮੇਲ updateresult4@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।
2. ਨੋਡਲ ਸੈਂਟਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਹਨਾਂ ਦੀ ਆਪਣੀ ਸੰਸਥਾ ਦੀ ਗਰੇਡਿੰਗ 2.5 ਤੋਂ ਘੱਟ ਹੈ ਜਾਂ ਉਹਨਾਂ ਦੀ ਸੰਸਥਾ ungraded ਹੈ ਤਾਂ ਆਪਣੀ ਸੰਸਥਾ ਵਿਖੇ ਵੀ ਪ੍ਰੈਕਟੀਕਲ ਪ੍ਰੀਖਿਆ ਦੌਰਾਨ external examiner ਕਿਸੇ ਬਾਹਰੀ ਸੰਸਥਾ ਤੋਂ ਲਗਾਉਣ ਉਪਰੰਤ ਰਿਪੋਰਟ ਮਿਤੀ 15-01-2019 ਤੱਕ ਬੋਰਡ ਦਫਤਰ ਦੀ ਈਮੇਲ updateresult4@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

3. ਜਿਨ੍ਹਾਂ ਸੰਸਥਾਵਾਂ ਦੀ ਗਰੇਡਿੰਗ 2.5 ਜਾਂ ਉਸ ਤੋਂ ਜਿਆਦਾ ਹੈ ਉਹਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਦੁਆਰਾ ਪ੍ਰੈਕਟੀਕਲ ਪ੍ਰੀਖਿਅਕ ਆਪਣੀ ਸੰਸਥਾ ਤੋਂ ਹੀ ਲਗਾਇਆ ਜਾਵੇ ਪਰੰਤੂ ਲਗਾਇਆ ਗਿਆ ਪ੍ਰੀਖਿਅਕ ਸਬੰਧਤ ਯੂਨਿਟ/ਸ਼ਿਫਟ ਦੇ ਸਿਖਿਆਰਥੀਆਂ ਨੂੰ ਪੜ੍ਹਾਉਣ ਵਾਲੇ ਇੰਸਟਰਕਟਰ ਤੋਂ ਅਲੱਗ ਹੋਣਾ ਚਾਹੀਦਾ ਹੈ।
4. ਸਬੰਧਤ ਨੋਡਲ ਸੈਂਟਰਾਂ ਦੁਆਰਾ ਪ੍ਰੈਕਟੀਕਲ ਪ੍ਰੀਖਿਆ ਖਤਮ ਹੋਣ ਉਪਰੰਤ ਆਪਣੇ ਜਿਲ੍ਹੇ ਅਧੀਨ ਆਉਂਦੀਆਂ ਸਮੂਹ ਸੰਸਥਾਵਾਂ ਦੇ ਪ੍ਰੈਕਟੀਕਲ ਪ੍ਰੀਖਿਆ ਦੇ ਅਵਾਰਡ ਰੋਲ ਦੀ ਹਾਰਡ ਕਾਪੀ ਮਿਤੀ 29-01-2019 ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ।

ਉਪਰੋਕਤ ਹਦਾਇਤਾਂ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

11.1.19

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ
ਮਿਤੀ:

ਪਿੰਠ ਅੰਕਣ ਨੰ:
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ ਜੀ:
1. ਪੀ.ਏ ਟੂ ਸਕੱਤਰ ਸਾਹਿਬ ਜੀ।
2. ਸਮੂਹ ਸੰਸਥਾਵਾਂ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸਬੰਧੀ ਆਪਣੇ ਜਿਲ੍ਹੇ ਦੀ ਨੋਡਲ ਸੰਸਥਾ ਨਾਲ ਤਾਲਮੇਲ ਕੀਤਾ ਜਾਵੇ ਅਤੇ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ।

11.1.19

212

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ